**Series BCDA1/2**

**SET~3**

**Q.P. Code 221/2/3**

Roll No. | | | | | | | | |

Candidates must write the Q.P. Code on the title page of the answer-book.

| | ਨੋਟ | | NOTE |
|---|---|---|---|
| (I) | ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ ਛਪੇ ਹੋਏ **5** ਪੰਨੇ ਹਨ । | (I) | *Please check that this question paper contains **5** printed pages.* |
| (II) | ਪ੍ਰਸ਼ਨ ਪੱਤਰ ਵਿਚ ਸੱਜੇ ਹੱਥ ਦੇ ਵਲ ਦਿੱਤੇ ਗਏ ਪ੍ਰਸ਼ਨ ਪੱਤਰ ਕੋਡ ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਪਰ ਲਿਖਣ । | (II) | *Q.P. Code given on the right hand side of the question paper should be written on the title page of the answer-book by the candidate.* |
| (III) | ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **13** ਪ੍ਰਸ਼ਨ ਹਨ । | (III) | *Please check that this question paper contains **13** questions.* |
| (IV) | **ਕਿਰਪਾ ਕਰਕੇ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਉੱਤਰ ਪੁਸਤਿਕਾ ਵਿਚ ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।** | (IV) | ***Please write down the serial number of the question in the answer-book before attempting it.*** |
| (V) | ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀ ਲਿਖਣਗੇ । | (V) | *15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.* |

BE FAIR BE FAIR BE FAIR

# ਰਾਜਨੀਤਿ ਵਿਗਿਆਨ

## (ਪੰਜਾਬੀ ਉਲਥਾ)

# POLITICAL SCIENCE

## (Punjabi Version)

*ਸਮਾਂ ਸੀਮਾਂ : 2 ਘੰਟੇ* — *ਪੂਰਨ ਅੰਕ : 40*

*Time allowed : 2 hours* — *Maximum Marks : 40*

*ਵਿਆਪਕ ਨਿਰਦੇਸ਼ :*

*ਹੇਠ ਲਿਖੇ ਨਿਰਦੇਸ਼ਾਂ ਨੂੰ ਬਹੁਤ ਧਿਆਨ ਨਾਲ ਪੜ੍ਹੋ ਅਤੇ ਉਨ੍ਹਾਂ ਦੀ ਸਖਤੀ ਨਾਲ ਪਾਲਨ ਕਰੋ :*

*(i)* *ਇਸ ਪ੍ਰਸ਼ਨ ਪੱਤਰ ਵਿਚ ਕੁੱਲ **13** ਪ੍ਰਸ਼ਨ ਹਨ । **ਸਾਰੇ** ਪ੍ਰਸ਼ਨ ਜ਼ਰੂਰੀ ਹਨ ।*

*(ii)* *ਇਸ ਪ੍ਰਸ਼ਨ ਪੱਤਰ ਵਿਚ **ਤਿੰਨ** ਖੰਡ ਹਨ – **ਖੰਡ ਕ, ਖ** ਅਤੇ **ਗ** ।*

*(iii)* ***ਖੰਡ ਕ** ਵਿਚ 8 ਪ੍ਰਸ਼ਨ (ਪ੍ਰਸ਼ਨ ਸੰਖਿਆ **1** ਤੋਂ **8**) **2** ਅੰਕ ਦੇ ਹਨ । ਇਨ੍ਹਾਂ ਪ੍ਰਸ਼ਨਾਂ ਦਾ ਉੱਤਰ 50 ਸ਼ਬਦਾਂ ਦੇ ਅੰਦਰ ਪੂਰਾ ਕੀਤਾ ਜਾਣਾ ਚਾਹੀਦਾ ਹੈ ।*

*(iv)* ***ਖੰਡ ਖ** ਵਿਚ 3 ਪ੍ਰਸ਼ਨ (ਪ੍ਰਸ਼ਨ ਸੰਖਿਆ **9** ਤੋਂ **11**) **4** ਅੰਕ ਦੇ ਹਨ । ਇਨ੍ਹਾਂ ਪ੍ਰਸ਼ਨਾਂ ਦਾ ਉੱਤਰ 100 ਸ਼ਬਦਾਂ ਦੇ ਅੰਦਰ ਪੂਰਾ ਕੀਤਾ ਜਾਣਾ ਚਾਹੀਦਾ ਹੈ । ਮਾਨਚਿੱਤਰ ਅਧਾਰਿਤ ਪ੍ਰਸ਼ਨਾਂ ਦੇ ਉੱਤਰ ਨਿਰਦੇਸ਼ਾਨੁਸਾਰ ਦਿਤੇ ਜਾਣੇ ਚਾਹੀਦੇ ਹਨ ।*

*(v)* ***ਖੰਡ ਗ** ਵਿਚ 2 ਪ੍ਰਸ਼ਨ (ਪ੍ਰਸ਼ਨ ਸੰਖਿਆ **12** ਅਤੇ **13**) **6** ਅੰਕ ਦੇ ਹਨ । ਇਨ੍ਹਾਂ ਪ੍ਰਸ਼ਨਾਂ ਦਾ ਉੱਤਰ 170 ਸ਼ਬਦਾਂ ਦੇ ਅੰਦਰ ਪੂਰਾ ਕੀਤਾ ਜਾਣਾ ਚਾਹੀਦਾ ਹੈ ।*

*(vi)* *ਪ੍ਰਸ਼ਨ ਪੱਤਰ ਵਿਚ ਕੋਈ ਵਿਆਪਕ ਵਿਕਲਪ ਨਹੀਂ ਹੈ । ਹਾਲਾਕਿ, ਕੁਛ ਪ੍ਰਸ਼ਨਾਂ ਵਿਚ ਆਂਤਰਿਕ ਵਿਕਲਪ ਦੀ ਚੋਣ ਪ੍ਰਦਾਨ ਕੀਤੀ ਗਈ ਹੈ । ਇਸ ਪ੍ਰਕਾਰ ਦੇ ਪ੍ਰਸ਼ਨਾਂ ਵਿੱਚੋਂ ਕੇਵਲ ਇਕ ਹੀ ਪ੍ਰਸ਼ਨ ਦਾ ਉੱਤਰ ਲਿਖੋ ।*

## ਖੰਡ ਕ

**1.** ਵਿਸ਼ਵੀਕਰਣ ਦੀ ਮੁਖਾਲਫਤ (ਵਿਰੋਧ) ਦੇ ਕਿਸੇ ਦੋ ਕਾਰਨਾਂ ਦਾ ਵਿਸ਼ਲੇਸ਼ਣ ਕਰੋ । *2×1=2*

**2.** ਸੰਯੁਕਤ ਰਾਜ ਅਮਰੀਕਾ ਦੀ ਸ਼ਕਤੀਆਂ ਦੀ ਤੁਲਨਾ (ਬਰਾਬਰੀ) ਵਿਚ ਯੂਰੋਪੀ ਸੰਘ ਦੀਆਂ ਕਿਸੇ ਦੋ ਸ਼ਕਤੀਆਂ ਨੂੰ ਉਜਾਗਰ ਕਰੋ । *2×1=2*

**3.** (a) 'ਆਸਿਆਨ' ਦੀ ਸਥਾਪਨਾ ਕਰਨ ਵਾਲੇ ਕਿਸੇ ਚਾਰ ਦੇਸ਼ਾਂ ਦੇ ਨਾਮ ਲਿੱਖੋ । $4\times\frac{1}{2}=2$

**ਜਾਂ**

(b) ਯੂਰੋਪੀ ਸੰਘ ਦੇ ਕਿਸੇ ਚਾਰ ਮੈਂਬਰ ਦੇਸ਼ਾਂ ਦੇ ਨਾਮ ਲਿੱਖੋ । $4\times\frac{1}{2}=2$

**4.** ਵਿਸ਼ਵੀਕਰਣ ਦੇ ਕਿਸੇ ਦੋ ਰਾਜਨੀਤਿਕ ਨਤੀਜਿਆਂ ਨੂੰ ਉਜਾਗਰ ਕਰੋ । *2×1=2*

**5.** ਭਾਰਤ ਦੀ ਸਭਿਆਚਾਰ (ਕਲਚਰ) ਉਪਰ ਵਿਸ਼ਵੀਕਰਣ ਦੇ ਕਿਸੇ ਦੋ ਪ੍ਰਭਾਵਾਂ ਨੂੰ ਉਜਾਗਰ ਕਰੋ । *2×1=2*

**6.** 1971 ਦੇ ਚੁਨਾਵ ਤੋਂ ਪਿੱਛੋਂ ਆਰਥਿਕ ਸੰਕਟ ਦੇ ਲਈ ਜੁੰਮੇਵਾਰ ਕਿਸੇ ਦੋ ਕਾਰਨਾਂ ਦਾ ਵਿਸ਼ਲੇਸ਼ਣ ਕਰੋ । *2×1=2*

7. ਦੀਨਦਿਆਲ ਉਪਾਧਿਆਏ ਰਾਹੀਂ ਪ੍ਰਤਿਪਾਦਿਤ 'ਸਮੂਚਾ ਮਾਨਵਤਾਵਾਦ' ਦਾ ਅਰਥ ਸਪਸ਼ਟ ਕਰੋ । *2*

8. 1975 ਵਿਚ ਘੋਸ਼ਣਾ ਕੀਤੇ ਗਏ ਰਾਸ਼ਟਰੀ ਅਪਾਤਕਾਲ ਦੇ ਭਾਰਤ ਦੇ ਲੋਕਾਂ ਉਪਰ ਪਏ ਪ੍ਰਭਾਵ ਦਾ ਆਕਲਨ ਕਰੋ । *2*

## ਖੰਡ ਖ

9. ਸੋਵਿਯਤ ਸੰਘ (USSR) ਦੀ ਵੰਡ ਤੋਂ ਪਿਛੋਂ ਰੂਸ ਦੀ ਸ਼ਕਤੀ ਦਾ ਮੁਲੰਕਣ ਕਰੋ । *4*

10. ਛੋਟੇ ਕਿਸਾਨਾਂ ਦੀ ਭਲਾਈ ਦੇ ਲਈ ਕੇਂਦਰ ਸਰਕਾਰ ਰਾਹੀਂ 2014 ਤੋਂ ਪਿੱਛੋਂ ਲਾਗੂ ਕੀਤੇ ਗਏ ਕਿਸੇ ਚਾਰ ਪ੍ਰੋਗਰਾਮਾਂ/ਯੋਜਨਾਵਾਂ ਦਾ ਵਰਣਨ ਕਰੋ । *4×1=4*

11. **ਭਾਰਤ** ਦੇ ਦਿਤੇ ਗਏ ਰਾਜਨੀਤਿਕ ਰੇਖਾ-ਮਾਨਚਿੱਤਰ (ਪੰਨਾ 4 ਤੇ), ਵਿਚ ਚਾਰ ਰਾਜਾਂ ਨੂੰ Ⓐ, Ⓑ, Ⓒ ਅਤੇ Ⓓ ਰਾਹੀਂ ਦਰਸਾਇਆ ਗਿਆ ਹੈ । ਹੇਠ ਦਿਤੀ ਗਈ ਜਾਣਕਾਰੀ ਦੇ ਅਧਾਰ ਤੇ ਇਨ੍ਹਾਂ ਰਾਜਾਂ ਦੀ ਪਛਾਣ ਕਰੋ ਅਤੇ ਆਪਣੀ ਉੱਤਰ-ਪੁਸਤਕ ਵਿਚ ਇਨ੍ਹਾਂ ਦੇ ਸਹੀ ਨਾਮ, ਵਰਤੋਂ ਵਿਚ ਲਿਆਂਦੀ ਗਈ ਜਾਣਕਾਰੀ ਦੀ ਕ੍ਰਮ ਸੰਖਿਆ ਅਤੇ ਮਾਨਚਿੱਤਰ ਵਿਚ ਦਿਤਾ ਗਿਆ ਸੰਬੰਧਿਤ ਅੱਖਰ, ਹੇਠ ਦਿਤੀ ਗਈ ਤਾਲਿਕਾ ਦੇ ਰੂਪ ਵਿਚ ਲਿਖੋ :

| ਵਰਤੋਂ ਵਿਚ ਲਿਆਂਦੀ ਗਈ ਜਾਣਕਾਰੀ ਦੀ ਕ੍ਰਮ ਸੰਖਿਆ | ਮਾਨਚਿੱਤਰ ਵਿਚ ਸੰਬੰਧਿਤ ਅੱਖਰ | ਰਾਜ ਦਾ ਨਾਮ |
|---|---|---|
| (i) | | |
| (ii) | | |
| (iii) | | |
| (iv) | | |

(i) ਉਹ ਰਾਜ ਜਿਸ ਦੇ ਨਾਲ ਮੰਡਲ ਕਮਿਸ਼ਨ ਦੇ ਚੇਅਰਮੈਨ, ਬੀ.ਪੀ. ਮੰਡਲ ਦਾ ਸੰਬੰਧ ਸੀ ।

(ii) ਉਹ ਰਾਜ ਜਿਥੇ ਸੋਮਨਾਥ ਮੰਦਰ ਸਥਿਤ ਹੈ ।

(iii) ਉਹ ਰਾਜ ਜਿਹੜਾ ਸ੍ਰੀ ਲੰਕਾ ਦੇ ਨਸਲੀ ਦੰਗਿਆਂ ਕਰਕੇ ਸਭ ਤੋਂ ਜ਼ਿਆਦਾ ਪ੍ਰਭਾਵਿਤ ਹੋਇਆ ।

(iv) ਉਹ ਰਾਜ ਜਿਥੇ ਬਹੁਜਨ ਸਮਾਜ ਪਾਰਟੀ ਨੇ ਸਰਕਾਰ ਬਣਾਈ ਸੀ । *4×1=4*

ਪ੍ਰਸ਼ਨ ਸੰ. 11 ਦੇ ਲਈ



ਭਾਰਤ ਦਾ ਰੇਖਾ-ਮਾਨਚਿੱਤਰ (ਰਾਜਨੀਤਿਕ)
A
B
C
D
km
Scale 1:15000,000
km
100 50 0
100 200 300 400 500

*ਨੋਟ: ਹੇਠ ਲਿਖੇ ਪ੍ਰਸ਼ਨ ਸਿਰਫ* ***ਦਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ*** *ਦੇ ਲਈ ਪ੍ਰਸ਼ਨ ਸੰਖਿਆ 11 ਦੇ ਥਾਂ ਤੇ ਹੈ :*

(11.1) ਮੰਡਲ ਕਮਿਸ਼ਨ ਦੇ ਚੇਅਰਮੈਨ ਰਹੇ ਬੀ.ਪੀ. ਮੰਡਲ, 1967 ਵਿਚ ਕਿਸ ਰਾਜ ਤੋਂ ਸੰਸਦ ਮੈਂਬਰ ਚੁਣੇ ਗਏ ਸਨ ?

(11.2) ਬਹੁਜਨ ਸਮਾਜ ਪਾਰਟੀ ਨੂੰ ਸਭ ਤੋਂ ਪਹਿਲਾਂ ਕਿਸ ਰਾਜ ਵਿਚ ਵੱਡੀ ਸਫਲਤਾ ਮਿਲੀ ਸੀ ?

(11.3) ਕੇਂਦਰ ਵਿਚ ਬਣੀ ਰਾਸ਼ਟਰੀ ਮੋਰਚਾ ਦੀ ਪਹਿਲੀ ਗਠਬੰਧਨ ਸਰਕਾਰ ਦੇ ਪ੍ਰਧਾਨਮੰਤ੍ਰੀ ਦਾ ਨਾਮ ਲਿਖੋ ।

(11.4) ਹੋਰ ਪਿਛਲੇ ਵਰਗਾਂ ਦੇ ਲਈ ਰਾਖਵਾਂ ਕਰਨ ਨੀਤੀ ਲਾਗੂ ਕਰਨ ਵਾਲੇ ਕਰਪੂਰੀ ਠਾਕੁਰ ਕਿਸ ਰਾਜ ਦੇ ਮੁੱਖ ਮੰਤਰੀ ਸਨ ? *4×1=4*

## ਖੰਡ ਗ

**12.** (a) ਪਾਕਿਸਤਾਨ ਵਿਚ ਲੋਕਤੰਤਰ ਕਿਉਂ ਸਫਲ ਨਹੀਂ ਹੋ ਸਕਿਆ ? ਕਿਸੇ ਤਿੰਨ ਕਾਰਨਾਂ ਦਾ ਵਿਸਲੇਸ਼ਣ ਕਰੋ । *3×2=6*

**ਜਾਂ**

(b) "ਏਸ਼ਿਆ ਦੇ ਸਾਰੇ ਦੇਸ਼ਾਂ ਵਿਚ ਲੋਕਤੰਤਰ ਦੇ ਪ੍ਰਤੀ ਵਿਆਪਕ ਸਮਰਥਨ ਹੈ ।" ਕਿਸੇ ਤਿੰਨ ਦੇਸ਼ਾਂ ਦੇ ਉਦਾਹਰਣ ਲੈ ਕੇ ਕਥਨ ਦਾ ਸਮਰਥਨ ਕਰੋ । *3×2=6*

**13.** (a) ਭਾਰਤ ਵਿਚ 1971 ਦੇ ਚੁਨਾਵ ਨਤੀਜਿਆਂ ਨੂੰ ਪ੍ਰਭਾਵਿਤ ਕਰਨ ਵਾਲੇ ਕਿਸੇ ਤਿੰਨ ਕਾਰਕਾਂ ਨੂੰ ਸਪਸ਼ਟ ਕਰੋ । *3×2=6*

**ਜਾਂ**

(b) 1969 ਵਿਚ ਕਾਂਗਰੇਸ ਪਾਰਟੀ ਦੀ ਵੰਡ ਦੇ ਲਈ ਜੁੰਮੇਵਾਰ ਕਿਸੇ ਤਿੰਨ ਕਾਰਨਾਂ ਨੂੰ ਸਪਸ਼ਟ ਕਰੋ । *3×2=6*